# ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਬਠਿੰਡਾ

## ਤੀਜੀ ਮੰਜ਼ਿਲ, ਮਿੰਨੀ ਸੈਕਟਰੀਏਟ, ਬਠਿੰਡਾ।

ਵੱਲ:

ਸਕੂਲ ਮੁੱਖੀ

ਸਮਸ/ਸਹਸ/ਸਸਸਸ/ ਪ੍ਰਾਈਵੇਟ ਸਕੂਲ ਜ਼ਿਲ੍ਹਾ ਬਠਿੰਡਾ।

ਪੱਤਰ ਨੰਬਰ : ਣ-6/ 7070 ਮਿਤੀ: 15-01-2025

ਵਿਸ਼ਾ: ਜ਼ਿਲ੍ਹਾ ਪੱਧਰੀ Voluntary Blood Donation Day (ਵਲੰਟਰੀ ਬਲੱਡ ਡੋਨੇਸ਼ਨ ਦਿਵਸ) ਮਨਾਉਣ ਸੰਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ ਦੇ ਪੱਤਰ ਨੰਬਰ: e180652/282194 ਮਿਤੀ: 4.11.2024 ਅਨੁਸਾਰ ਕਿਸ਼ੋਰ ਸਿੱਖਿਆ ਪ੍ਰੋਗਰਾਮ ਅਧੀਨ ਮਿਤੀ 18 ਜਨਵਰੀ 2025 ਨੂੰ ਟੀਚਰਜ਼ ਹੋਮ ਬਠਿੰਡਾ ਵਿਖੇ ਜਿਲਾ ਪੱਧਰੀ Voluntary Blood Donation Day (ਵਲੰਟਰੀ ਬਲੱਡ ਡੋਨੇਸ਼ਨ ਦਿਵਸ) ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਦਾ ਭਾਗ ਲੈਣਾ ਜਰੂਰੀ ਹੈ। ਇਸ ਸਮਾਗਮ ਵਿੱਚ ਤਿੰਨ ਤਰ੍ਹਾਂ ਦੇ ਕੰਪੀਟੀਸ਼ਨ ਕਰਵਾਏ ਜਾਣਗੇ-

1. ਸਲੋਗਨ ਰਾਈਟਿੰਗ ਕੰਪਟੀਸ਼ਨ
2. ਪੋਸਟਰ ਮੇਕਿੰਗ ਕੰਪੀਟੀਸ਼ਨ ਅਤੇ
3. ਭਾਸ਼ਣ ਮੁਕਾਬਲਾ

ਹਰੇਕ ਕੰਪੀਟੀਸ਼ਨ ਵਿੱਚ ਪਹਿਲੀ ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 3000/- ਰੁਪਏ, ਦੂਸਰੀ ਪੁਜੀਸ਼ਨ ਵਾਲੇ ਵਿਦਿਆਰਥੀ ਨੂੰ 1500/- ਰੁਪਏ, ਤੀਸਰੀ ਪੁਜੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 1000/- ਰੁਪਏ ਨਗਦ ਇਨਾਮ ਦਿੱਤਾ ਜਾਵੇਗਾ।

ਕੰਪੀਟੀਸ਼ਨ ਵਿੱਚ ਭਾਗ ਲੈਣ ਲਈ ਹੇਠ ਲਿਖੀਆਂ ਹਦਾਇਤਾਂ ਹੋਣਗੀਆਂ:-

1. ਇੱਕ ਸਕੂਲ ਵਿੱਚੋਂ ਹਰ ਇੱਕ ਐਕਟੀਵਿਟੀ ਵਿੱਚ ਇੱਕ ਹੀ ਵਿਦਿਆਰਥੀ ਭਾਗ ਲਵੇਗਾ।
2. ਕੋਈ ਵੀ ਸਕੂਲ ਇੱਕ ਜਾਂ ਇੱਕ ਤੋਂ ਵੱਧ ਗਤੀਵਿਧੀ ਵਿੱਚ ਵੀ ਭਾਗ ਲੈ ਸਕਦਾ ਹੈ।
3. ਭਾਸ਼ਣ ਮੁਕਾਬਲਾ ਤਿੰਨ ਮਿੰਟ ਦਾ ਹੋਵੇਗਾ।
4. ਪੇਪਰ ਤੋਂ ਪੜ੍ਹ ਕੇ ਭਾਸ਼ਣ ਮੁਕਾਬਲੇ ਵਿੱਚ ਭਾਗ ਨਹੀਂ ਲਿਆ ਜਾ ਸਕਦਾ।
5. ਸਲੋਕਨ ਰਾਈਟਿੰਗ ਅਤੇ ਪੋਸਟਰ ਮੇਕਿੰਗ ਮੁਕਾਬਲੇ ਲਈ ਵਿਦਿਆਰਥੀ ਸਟੈਂਡਰਡ ਸਾਈਜ ਦੀ ਸੀਟ ਅਤੇ ਰੰਗ ਆਪ ਲੈ ਕੇ ਆਣਗੇ।
6. ਸਾਰੇ ਵਿਦਿਆਰਥੀਆਂ ਨਾਲ ਇੱਕ ਹੀ ਗਾਈਡ ਅਧਿਆਪਕ ਆਵੇਗਾ।
7. ਵਿਦਿਆਰਥਣਾਂ ਦੇ ਨਾਲ ਮਹਿਲਾ ਅਧਿਆਪਕ ਦਾ ਆਉਣਾ ਜਰੂਰੀ ਹੈ।
8. ਕੰਪੀਟੀਸ਼ਨ ਦਾ ਸਮਾਂ ਸਵੇਰ 9:00 ਵਜੇ ਤੋ ਸ਼ਾਮ 3:00 ਵਜੇ ਰਹੇਗਾ।

ਹਰ ਸਕੂਲ ਮੁਖੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇੰਨਾ ਕੰਪੀਟੀਸ਼ਨ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਵੇਰਵੇ ਨਾਲ ਦਿੱਤੇ ਗੂਗਲ ਫਾਰਮ ਵਿੱਚ ਭਰ ਦਿੱਤੇ ਜਾਣ। ਇਹ ਗੂਗਲ ਫਾਰਮ ਦਫਤਰ ਦੇ ਵਟਸ ਗਰੁੱਪ ਵਿੱਚ ਵੀ ਪਾਇਆ ਜਾਵੇਗਾ। ਸੋ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਕੂਲ ਦੇ ਅਧਿਆਪਕ ਨੂੰ ਵਿਦਿਆਰਥੀਆਂ ਦੀ ਤਿਆਰੀ ਕਰਵਾ ਕੇ ਇਸ ਕੰਪਟੀਸ਼ਨ ਭਾਗ ਲੈਣ ਲਈ ਪਾਬੰਦ ਕਰਨ।

ਇਸ ਪ੍ਰੋਗਰਾਮ ਸਬੰਧੀ ਕਿਸੇ ਵੀ ਜਾਣਕਾਰੀ ਲਈ ਡਿਪਟੀ ਜਿਲ੍ਹਾ ਸਿੱਖਿਆ ਅਫਸਰ (ਸ ਸਿ) ਸ. ਸਿਕੰਦਰ ਸਿੰਘ ਬਰਾੜ ਜਾਂ ਜਿਲਾ ਕੋਆਰਡੀਨੇਟਰ ਡਾ. ਸੰਜੀਵ ਨਾਗਪਾਲ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

15/01/25

ਉਪ- ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ।

15/01/25